ੴ ਵਾਹਿਗੁਰੂ ਜੀ ਕੀ ਫਤਹਿ

211

3

ਸਿੱਖੀ ਦੀ ਮਹਿਕ

4 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ੴ ਵਾਹਿਗੁਰੂ ਜੀ ਕੀ ਫ਼ਤਹਿ ॥

211

ਸਿੱਖੀ ਦੀ ਮਹਿਕ

ਗਿਆਨ ਰਤਨਿ ਸਭ ਸੋਝੀ ਹੋਇ ॥

ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ

ਲੇਖਕ

ਰਣਧੀਰ ਸਿੰਘ ਮਹਿਕ

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

1051, ਕੂਚਾ ਨੰ: 14, ਫ਼ੀਲਡ ਗੰਜ, ਲੁਧਿਆਣਾ - 141008. ਫੋਨ : 0161-663452

ਦਿੱਲੀ ਸਬ ਆਫ਼ਿਸ : ਏ-143, ਫ਼ਤਹਿ ਨਗਰ, ਨਵੀਂ ਦਿੱਲੀ - 110018. ਫੋਨ : 011-5135677

ਜਲੰਧਰ ਆਫ਼ਿਸ : ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ, ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ - 144002. ਫੋਨ : 0181-472547

Website : www.sikhmissionarycollege.net
E-mail : smcludh@satyam.net.in

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਸਿੱਖੀ ਦੀ ਮਹਿਕ

ਤੱਤਕਰਾ

1. ਅਕਾਲ ਪੁਰਖ	3
2. ਸਿੱਖ ਗੁਰੂ ਦਾ	4
3. ਸੱਚਾ ਸੌਦਾ	4
4. ਪੰਥ-ਖਾਲਸਾ	5
5. ਗੁਰਦੁਆਰੇ ਜਾਣਾ	6
6. ਮੱਥਾ ਟੇਕਣਾ	7
7. ਫ਼ਤਹਿ	8
8. ਰੱਬ ਦਾ ਘਰ	9
9. ਸਫ਼ਾਈ	10
10. ਕੌੜੇ-ਮਿੱਠੇ ਬੋਲ	11
11. ਪੰਜ ਕਕਾਰ	12
12. ਚਾਰ ਕੁਰਹਿਤਾਂ	13
13. ਕੇਸ	14
14. ਬੀਬਾ ਬੱਚਾ	15
15. ਸਿੱਖਿਆ ਸਿੱਖੀ ਦੀ	16
16. ਪਾਨ	17
17. ਸ਼ਰਾਬ	18
18. ਤੰਬਾਕੂ	19
19. ਖਾਲਸੇ	20
20. ਸਿੱਖ ਤਿਉਹਾਰ	21
21. ਜ਼ਾਤ-ਪਾਤ	22
22. ਅੰਮ੍ਰਿਤ ਵੇਲਾ	23
23. ਚੜ੍ਹਦੀ ਕਲਾ	24
24. ਨਿਸ਼ਾਨ ਸਾਹਿਬ	25
25. ਖੋਤੇ ਉੱਤੇ ਸ਼ੇਰ ਦੀ ਖੱਲ	26
26. ਗੁਣਾਂ ਦੀ ਸਾਂਝ	27
27. ਗੁਰਬਾਣੀ ਦੀ ਮਹਿਕ	28
28. ਵੱਸਦੇ ਰਹੋ — ਉੱਜੜ ਜਾਵੋ	29
29. ਐਸੀ ਮਾਂ ...	30
30. ਅਰਦਾਸ	31

ਆਦਿਕਾ

ਮਨੁੱਖੀ ਮਨ ਉਤੇ ਵਾਰਤਕ ਨਾਲੋਂ ਕਵਿਤਾ ਵਿਚ ਕਹੀ ਗਈ ਗੱਲ ਵਧੇਰੇ ਅਸਰ ਕਰਦੀ ਹੈ ਕਿਉਂਕਿ ਕਵਿਤਾ ਮਾਤਰਿਕ-ਤੋਲ ਬੱਧ, ਅਲੰਕਾਰ ਜੜਿਤ, ਕਲਪਨਾ ਭਰਪੂਰ ਅਤੇ ਸੰਗੀਤਕ ਲੈਅ ਭਰੀ ਹੁੰਦੀ ਹੈ। ਕਵਿਤਾ ਪ੍ਰੇਰਕ-ਸ਼ਕਤੀ ਵਜੋਂ ਕੰਮ ਕਰਦੀ ਹੈ।

ਉਪਰੋਕਤ ਗੁਣਾਂ ਕਰਕੇ ਕਵਿਤਾਵਾਂ ਦਾ ਬੱਚਿਆਂ ਦੇ ਮਨ ਉੱਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਕਵਿਤਾਵਾਂ ਭਾਵੇਂ ਮਾਂ-ਬੋਲੀ (ਪੰਜਾਬੀ) ਵਿਚ ਹੋਣ, ਭਾਵੇਂ ਅੰਗ੍ਰੇਜ਼ੀ ਵਿੱਚ, ਨਰਸਰੀ ਵਿੱਚ ਪੜ੍ਹਦੇ ਛੋਟੇ-ਛੋਟੇ ਬੱਚੇ ਵੀ ਉਨ੍ਹਾਂ ਨੂੰ ਬੜਾ ਸੁਆਦ ਲੈ ਕੇ ਪੜ੍ਹਦੇ, ਗਾਉਂਦੇ ਹਨ; ਤੁਰਦੇ-ਫਿਰਦੇ, ਖੇਡਦੇ ਆਪ ਮੁਹਾਰੇ ਬੋਲਦੇ ਰਹਿੰਦੇ ਹਨ। ਇੰਝ ਬਿਨਾਂ ਕਿਸੇ ਉਚੇਚ ਦੇ ਉਨ੍ਹਾਂ ਨੂੰ ਕਵਿਤਾਵਾਂ ਯਾਦ ਹੋ ਜਾਂਦੀਆਂ ਹਨ। ਉਹ ਕਵਿਤਾ ਵਿਚ ਕਹੀਆਂ ਗਈਆਂ ਸਿਖਿਆਦਾਇਕ ਗੱਲਾਂ ਨੂੰ ਸਹਿਜੇ ਹੀ ਆਪਣੇ ਮਨ ਵਿਚ ਵਸਾ ਲੈਂਦੇ ਹਨ।

ਬਾਲ ਮਨਾਂ ਉੱਤੇ ਕਵਿਤਾਵਾਂ ਦੇ ਅਜਿਹੇ ਪ੍ਰਭਾਵ ਨੂੰ ਧਿਆਨ ਵਿਚ ਰੱਖਦਿਆਂ ਹੀ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਬੰਧਕਾਂ ਨੇ ਬੱਚਿਆਂ ਲਈ ਅਜਿਹੀਆਂ ਕਵਿਤਾਵਾਂ ਦੀ ਪੁਸਤਕ ਲਿਖਵਾਉਣ ਦਾ ਮਨ ਬਣਾਇਆ ਜੋ ਬੱਚਿਆਂ ਅੰਦਰ ਧਾਰਮਿਕ ਰੁਚੀਆਂ ਪੈਦਾ ਕਰਨ, ਪੁਰਾਤਨ ਗੁਰਸਿੱਖਾਂ ਦੇ ਮਹਾਨ ਕਾਰਨਾਮਿਆਂ ਦੁਆਰਾ ਸਿੱਖੀ-ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦੇਣ ਅਤੇ ਗੁਰ-ਉਪਦੇਸ਼ ਤੇ ਸਿੱਖ ਜੀਵਨ-ਜਾਚ ਦੇ ਪ੍ਰਮੁਖ ਅੰਗਾਂ ਨੂੰ ਦ੍ਰਿੜ੍ਹ ਕਰਵਾਉਣ। ਇਸ ਦਿਸ਼ਾ ਵਲ ਅਮਲੀ ਕਦਮ ਚੁੱਕਣ ਦਾ ਸਬੱਬ ਉਦੋਂ ਬਣਿਆ ਜਦੋਂ ਪਿੰਡ ਸਲਾਰ, ਜ਼ਿਲ੍ਹਾ ਸੰਗਰੂਰ, ਦੇ ਸੇਵਾ-ਮੁਕਤ ਅਧਿਆਪਕ ਸ: ਰਣਧੀਰ ਸਿੰਘ 'ਮਹਿਕ' ਨੇ ਕਾਲਜ ਦਾ ਪਰਚਾ 'ਸਿੱਖ ਫੁਲਵਾੜੀ' ਨਾ ਮਿਲਣ ਦੀ ਸ਼ਿਕਾਇਤ ਕਵਿਤਾ ਵਿੱਚ ਲਿਖ ਭੇਜੀ। ਉਹ ਕਾਲਜ ਦੇ ਪ੍ਰਿੰਸੀਪਲ ਸ: ਹਰਿਭਜਨ ਸਿੰਘ ਜੀ ਨੂੰ ਬਹੁਤ ਪਸੰਦ ਆਈ। ਉਨ੍ਹਾਂ ਦੇ ਕਹਿਣ 'ਤੇ ਸ: ਰਣਧੀਰ ਸਿੰਘ 'ਮਹਿਕ' ਜੀ ਨੂੰ ਬੱਚਿਆਂ ਲਈ ਕਵਿਤਾਵਾਂ ਲਿਖਣ ਦੀ ਬੇਨਤੀ ਕੀਤੀ ਗਈ, ਜੋ ਉਨ੍ਹਾਂ ਖੁਸ਼ੀ-ਖੁਸ਼ੀ ਸਵੀਕਾਰ ਕਰ ਲਈ। ਇਸ ਤਰ੍ਹਾਂ ਇਹ ਲਘੂ-ਪੁਸਤਕ ਹੋਂਦ ਵਿਚ ਆਈ।

ਇਸ ਪੁਸਤਕ ਦਾ ਪਹਿਲਾ ਐਡੀਸ਼ਨ ਜੁਲਾਈ 1998 ਵਿਚ ਛਪਿਆ ਸੀ। ਹਥਲੇ ਦੂਜੇ ਐਡੀਸ਼ਨ ਵਿਚ ਬੱਚਿਆਂ ਦੀ ਪਸੰਦ ਨੂੰ ਧਿਆਨ ਵਿਚ ਰੱਖਦੇ ਹੋਏ ਅੱਖਰ ਵੱਡੇ ਕੀਤੇ ਗਏ ਹਨ; ਭਾਵੇਂ ਕਿ ਪਾਠਕਾਂ ਦੇ ਭਰਪੂਰ ਹੁੰਗਾਰੇ ਨੇ ਸੰਕੇਤ ਦਿੱਤਾ ਹੈ ਕਿ ਇਹ ਪੁਸਤਕ ਵੱਡੀ ਉਮਰ ਦੇ ਪਾਠਕਾਂ ਨੇ ਵੀ ਪਸੰਦ ਕੀਤੀ ਹੈ।

— ਪ੍ਰਕਾਸ਼ਕ

ਅਕਾਲ ਪੁਰਖ

ਅਕਾਲ ਪੁਰਖ ਦਾ ਹਰ ਥਾਂ ਜ਼ੋਰ।
ਉਸ ਵਰਗਾ ਨਹੀਂ ਕੋਈ ਹੋਰ।
ਕਣ-ਕਣ ਦੇ ਉਹ ਵਿੱਚ ਹੈ ਰਮਿਆ।
ਨਾ ਉਹ ਮਰਿਆ, ਨਾ ਉਹ ਜੰਮਿਆ।
ਉਸ ਦਾ ਨਾਮ ਸਦਾ ਹੈ ਭਾਈ।
ਉਸ ਨੇ ਸਾਰੀ ਸ੍ਰਿਸ਼ਟ ਬਣਾਈ।
ਹਰ ਥਾਂ ਤੇ ਉਹ ਵੱਸਿਆ ਹੋਇਆ।
ਸਭ ਕਾਸੇ ਵਿਚ ਰਸਿਆ ਹੋਇਆ।
ਨਹੀਂ ਡਰਾਉਂਦਾ, ਨਾ ਹੀ ਡਰਦਾ।
ਨਾਲ ਕਿਸੇ ਦੇ ਵੈਰ ਨਾ ਕਰਦਾ।
ਸ਼ਕਲ ਰਹਿਤ ਹੈ, ਕਾਲ ਨਾ ਕੋਈ।
ਸਮੇਂ ਦਾ ਉਸ ਤੇ ਜਾਲ ਨਾ ਕੋਈ।
ਹੁੰਦਾ ਕਦੇ ਵਿਨਾਸ਼ ਨਾ ਉਸਦਾ।
ਆਪੇ ਤੋਂ ਪ੍ਰਕਾਸ਼ ਹੈ ਉਸਦਾ।
ਗੁਰੂ ਦੀ ਕਿਰਪਾ ਨਾਲ ਹੈ ਮਿਲਦਾ।
ਜਿਸਨੂੰ ਮਿਲਦਾ ਜੀਵਨ ਖਿਲਦਾ।

ਸਿੱਖ ਗੁਰੂ ਦਾ

ਇਕੋ ਰੱਬ ਨੂੰ ਮੰਨੇ ਜਿਹੜਾ।
ਉਸਦੇ ਮਨ ਵਿਚ ਅਸਲੀ ਖੇੜਾ।
ਦਸ ਗੁਰੂਆਂ ਦੀ ਜੋਤ ਨਿਰਾਲੀ।
'ਗੁਰੂ ਗ੍ਰੰਥ' ਦੇ ਵਿੱਚ ਸੰਭਾਲੀ।
ਅੰਮ੍ਰਿਤ ਛਕ ਮੰਨਦਾ ਗੁਰਬਾਣੀ।
ਸਿੱਖ ਗੁਰੂ ਦਾ ਹੈ ਉਹ ਪ੍ਰਾਣੀ।
ਹੋਰ ਧਰਮ ਦੇ ਵੱਲ ਨਾ ਜਾਵੇ।
ਸਿੱਖ ਗੁਰੂ ਦਾ ਉਹ ਕਹਿਲਾਵੇ।

ਸੱਚਾ ਸੌਦਾ

ਅਸੀਂ ਗੁਰੂ ਵਾਲੜੇ ਬਣ ਗਏ ਹਾਂ,
ਛਕ ਅੰਮ੍ਰਿਤ ਖੰਡੇ ਬਾਟੇ ਦਾ।
ਇਹ ਸੱਚਾ ਸੌਦਾ ਕੀਤਾ ਹੈ,
ਨਹੀਂ ਕਰਨਾ ਸੌਦਾ ਘਾਟੇ ਦਾ।
ਹੁਣ ਸਾਨੂੰ ਪੰਥ ਪਿਆਰਾ ਹੈ,
ਇਸ ਦੇ ਲਈ ਜੀਵਨ ਲਾਵਾਂਗੇ।
ਹੁਣ ਰਾਖੀ ਕਰਨੀ ਸਿੱਖੀ ਦੀ,
ਸਿੱਖੀ ਦੀ ਸ਼ਾਨ ਵਧਾਵਾਂਗੇ।
ਅਸੀਂ ਬਾਣੀ ਪੜ੍ਹਨੀ ਗੁਰੂਆਂ ਦੀ,
ਕੁਝ ਗ਼ਲਤ ਨਾ ਪੜ੍ਹਨਾ ਚਾਹਵਾਂਗੇ।
ਸਿੱਖੀ ਦੀ ਵੰਡ ਕੇ 'ਮਹਿਕ' ਅਸੀਂ,
ਇਸ ਧਰਤੀ ਨੂੰ ਮਹਿਕ਼ਾਵਾਂਗੇ।

ਪੰਥ ਖਾਲਸਾ

ਪੰਥ ਖਾਲਸਾ ਇਕ ਪਰਿਵਾਰ।
ਸਾਡਾ ਇਸ ਦੇ ਨਾਲ ਪਿਆਰ।
ਅੰਮ੍ਰਿਤ ਛਕ ਸਿੰਘ ਸਜੀਏ ਸਾਰੇ।
ਮੈਂਬਰ ਇਸ ਦੇ ਬਣੀਏ ਪਿਆਰੇ।
ਸਾਡੇ ਧਰਮ-ਪਿਤਾ ਦਸਮੇਸ਼।
ਸਾਹਿਬ ਕੌਰ ਜੀ ਮਾਤ ਹਮੇਸ਼।
ਕੇਸ ਗੜ੍ਹ ਹੈ ਜਨਮ ਅਸਥਾਨ।
ਅਨੰਦਪੁਰ ਸਾਹਿਬ ਹੈ ਸਾਡੀ ਸ਼ਾਨ।
ਗੁਰੂ ਗ੍ਰੰਥ ਸਾਹਿਬ ਜੀ 'ਰਹਿਬਰ'।
ਸਿੱਖਿਆਵਾਂ ਦੀ ਲਾਉਂਦੇ ਛਹਿਬਰ।
ਵਰਦੀ ਸਾਡੀ ਪੰਜ ਕਕਾਰ।
ਪਹਿਨ ਕੇ ਬਣੀਏ ਸਭ ਸਿਰਦਾਰ।
ਭੈਣ ਤੇ ਭਾਈ ਰਲਕੇ ਸਾਰੇ।
ਆਓ ਬਣੀਏ, ਖਾਲਸੇ ਨਿਆਰੇ।
ਅੰਮ੍ਰਿਤ ਛਕੀਏ ਦੇਰ ਨਾ ਲਾਈਏ।
'ਪੰਥ ਖਾਲਸੇ' ਵਿਚ ਸਮਾਈਏ।

ਗੁਰਦੁਆਰੇ ਜਾਣਾ

ਜਦ ਅਸੀਂ ਗੁਰਦੁਆਰੇ ਜਾਈਏ।
ਹੱਥ-ਪੈਰ ਧੋ ਕੇ ਅੰਦਰ ਆਈਏ।
ਗੁਰੂ ਗ੍ਰੰਥ ਸਾਹਿਬ ਜੀ ਅੱਗੇ।
ਨਿਵ ਕੇ ਮਸਤਕ ਭੁੰਜੇ ਲੱਗੇ।
ਬੈਠੀਏ ਆਪਾਂ ਜਦ ਵਿਚ ਸੰਗਤ।
ਚਾੜ੍ਹੀਏ ਆਪ ਨੂੰ ਰੱਬੀ ਰੰਗਤ।
ਕਥਾ, ਕੀਰਤਨ ਸਰਵਣ ਕਰੀਏ।
ਗੱਲਾਂ ਵੱਲ ਕੋਈ ਧਿਆਨ ਨਾ ਧਰੀਏ।
ਕਰਨੀ ਹੋਵੇ ਜੇ ਕੋਈ ਗੱਲ।
ਉੱਠ ਕੇ ਬਾਹਰ ਆਈਏ ਚੱਲ।
ਅਰਦਾਸ ਵੇਲੇ ਖੜ੍ਹੀਏ ਹੱਥ ਜੋੜ।
ਭੱਜਦੇ ਮਨ ਨੂੰ ਲਈਏ ਹੋੜ।
ਵਰਤੇ ਜਦ ਵੀ ਕੜਾਹ-ਪ੍ਰਸ਼ਾਦਿ।
ਬੈਠ ਕੇ ਲੈਣਾ, ਰੱਖੋ ਯਾਦ।
ਦੇਗ ਜੋ ਲੈਂਦੇ, ਕਾਹਲੀ-ਕਾਹਲੀ।
ਖੁਸ਼ੀ ਨਾ ਮਿਲਦੀ, ਸੰਗਤ ਵਾਲੀ।
ਨੰਗੇ ਸਿਰ ਜੋ ਬੱਚੇ ਆਉਂਦੇ।
ਸੰਗਤ ਵਿਚ ਨਾ ਸ਼ੋਭਾ ਪਾਉਂਦੇ।
ਜਾਣ ਲੱਗੇ ਨਾ ਰੌਲਾ ਪਾਈਏ।
ਵਿਚ ਅਨੁਸ਼ਾਸਨ ਘਰ ਨੂੰ ਜਾਈਏ।

ਮੱਥਾ ਟੇਕਣਾ

ਗੁਰਸਿੱਖ ਜਦ ਗੁਰਦੁਆਰੇ ਜਾਵੇ।
ਗੁਰ ਆਪਣੇ ਨੂੰ ਸੀਸ ਨਿਵਾਵੇ।
ਮੱਥਾ ਟੇਕਣ ਤੋਂ ਇਹ ਭਾਵ।
ਮਨ ਵਿਚ ਵੱਸੇ ਗੁਰ-ਪ੍ਰਭਾਵ।
ਮੱਥਾ ਟੇਕਣ ਦੇ ਉਪਰੰਤ।
ਫਤਹਿ ਬਲਾਵੋ ਤੁਸੀਂ ਤੁਰੰਤ।
ਦੇਹਧਾਰੀ ਜੋ ਗੁਰੂ ਕਹਾਉਂਦੇ।
ਗੁਰਸਿੱਖ ਕਦੇ ਨਾ ਸੀਸ ਨਿਵਾਉਂਦੇ।
ਸਾਧ-ਸੰਤ ਵੀ ਜਿੰਨੇ ਫਿਰਦੇ।
ਇਹਨਾਂ ਨਾਲ ਨਾ ਜੋੜੋ ਹਿਰਦੇ।
ਗੁਰੂ ਗ੍ਰੰਥ ਸਾਹਿਬ ਗੁਰ ਏਕੋ।
ਏਸੇ ਨੂੰ ਹੀ ਮੱਥਾ ਟੇਕੋ।

ਫ਼ਤਹਿ

ਅੱਜ ਕੱਲ੍ਹ ਦਾ ਇੱਕ ਗਲਤ ਰਿਵਾਜ।
ਫਤਹਿ ਨੂੰ ਭੁੱਲਿਆ ਅੱਜ ਸਮਾਜ।
ਬੋਲਾ ਤਾਂ ਇਹ ਅਤਿ ਮਸ਼ਹੂਰ।
ਐਪਰ ਸਿੱਖ ਸਮਾਜ ਤੋਂ ਦੂਰ।
ਸਿੱਖ ਧਰਮ ਤਾਂ ਬੜਾ ਹੀ ਸੁੰਦਰ।
'ਫ਼ਤਹਿ' ਦਾ ਬੋਲਾ ਧਰਿਆ ਕੁੰਦਰ।
ਬਹੁਤ ਸਿੱਖ ਜਦ ਆਵਣ-ਜਾਵਣ।
'ਸਤਿ ਸ੍ਰੀ ਅਕਾਲ' ਬੁਲਾਵਣ।
ਮਿਲਣ ਲਈ ਜੇ ਕਿਧਰੇ ਜਾਈਏ।
ਵਾਹਿਗੁਰੂ ਜੀ ਕੀ ਫਤਹਿ ਬੁਲਾਈਏ।
ਪੰਥ ਖਾਲਸਾ ਫ਼ੌਜ ਮਹਾਨ।
ਇਕੋ ਵਰਦੀ ਇਕੋ ਧਿਆਨ।
ਇੱਕ ਮਰਯਾਦਾ ਇੱਕ ਅਸੂਲ।
ਗੱਲ ਨਹੀਂ ਕਰਨੀ ਕੋਈ ਫਜ਼ੂਲ।
ਸਿੱਖ ਸਮਾਜ ਅਜੇ ਅਣਜਾਣ।
ਸਿੱਖ-ਬੋਲਿਆਂ ਦੀ ਨਹੀਂ ਪਛਾਣ।
'ਸਤਿ ਸ੍ਰੀ ਅਕਾਲ' ਹੈ ਜੰਗੀ ਨਾਅਰਾ।
ਜੰਗਾਂ-ਯੁੱਧਾਂ ਵਿੱਚ ਕਰਾਰਾ।
ਜਦੋਂ ਮਿਲਣ ਕਿਸੇ ਨੂੰ ਜਾਈਏ।
ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈਏ।

ਰੱਬ ਦਾ ਘਰ

ਰੱਬ ਸੱਚੇ ਦੇ ਨਾਮ ਅਨੇਕ।
'ਵਾਹਿਗੁਰੂ' ਵੀ ਉਹਨਾਂ 'ਚੋਂ 'ਏਕ'।
ਦੇਖ ਰਹੇ ਹਾਂ ਜੋ ਕੁਝ ਸਾਰੇ।
ਵਾਹਿਗੁਰੂ ਦੇ ਹੀ ਰੰਗ ਨਿਆਰੇ।
ਪਸ਼ੂ, ਪੰਛੀ, ਹਰਿਆਵਲ ਸਾਰੀ।
ਵਾਹਿਗੁਰੂ ਦੀ ਹੈ ਕਿਰਤ ਪਿਆਰੀ।
ਵਾਹਿਗੁਰੂ ਤਾਂ ਹਰ ਥਾਵੇਂ ਰਹਿੰਦੇ।
ਗੁਰੂ ਅਸਾਡੇ ਏਹੋ ਕਹਿੰਦੇ।
ਅਰਸ਼-ਫਰਸ਼, ਅੱਗ, ਪਾਣੀ, ਵਾਯੂ।
ਅਨੰਤ ਕਰੀ ਇਹਨਾਂ ਦੀ ਆਯੂ।
ਰੱਬ ਦੀਆਂ ਦਾਤਾਂ ਦੀਆਂ ਨਹੀਂ ਥੋੜਾਂ।
ਪੂਰੀਆਂ ਕਰਨ ਅਸਾਡੀਆਂ ਲੋੜਾਂ।
ਚੰਦ-ਸੂਰਜ ਵਿਚ ਗਗਨ ਸਜਾਏ।
ਰੱਬ ਨੇ ਸਾਡੇ ਲਈ ਬਣਾਏ।
ਜੋ ਕੁਝ ਕਰਕੇ ਧਰਿਆ ਰੱਬ ਨੇ।
ਵਿੱਚ ਹੀ ਵਾਧਾ ਕਰਿਆ ਰੱਬ ਨੇ।
ਵਾਹਿਗੁਰੂ ਤਾਂ ਹੈ ਹਾਜ਼ਰ-ਹਜ਼ੂਰ।
ਵੱਸਦਾ ਨੇੜੇ, ਨਹੀਂ ਹੈ ਦੂਰ।
ਮੂਰਤੀਆਂ ਨੂੰ ਰੱਬ ਜੋ ਕਹਿੰਦੇ।
ਉਹ ਤਾਂ ਵਿੱਚ ਹਨੇਰੇ ਰਹਿੰਦੇ।
ਗੁਰਬਾਣੀ ਸਮਝਾਵੇ ਸਾਨੂੰ।
ਹਰ ਥਾਂ ਰੱਬ ਦਰਸਾਵੇ ਸਾਨੂੰ।
ਰੱਬ ਅਸਾਡਾ ਪਿਤਾ ਅਮਰ ਹੈ।
ਸਾਰੀ ਦੁਨੀਆ ਉਸ ਦਾ ਘਰ ਹੈ।

ਸਫਾਈ

ਰੱਖੋ ਵੱਲ ਸਫਾਈ ਧਿਆਨ।
ਅੰਮ੍ਰਿਤ ਵੇਲੇ ਕਰੋ ਇਸ਼ਨਾਨ।
ਦੂਰ ਹੋਂਵਦੀ ਕਿਧਰੇ ਸੁਸਤੀ।
ਆ ਜਾਂਦੀ ਹੈ ਉੱਥੇ ਚੁਸਤੀ।
ਉੱਦਮੀ ਬੱਚੇ ਨਿੱਤ ਹੀ ਨ੍ਹਾਵਣ।
ਆਪਣਾ ਆਪ ਅਰੋਗ ਬਣਾਵਣ।
ਜਿਹੜੇ ਬੱਚੇ ਨਹਾਉਣ ਤੋਂ ਡਰਦੇ।
ਉਹ ਨਾ ਕੋਈ ਤਰੱਕੀ ਕਰਦੇ।
ਰਹਿੰਦੇ ਪਿੱਛੇ ਵਿੱਚ ਪੜ੍ਹਾਈ।
ਰਖਦੇ ਨਾ ਜੋ ਹੋਣ ਸਫਾਈ।
ਰਖਦਾ ਸਾਫ, ਜਿਸਮ ਨੂੰ ਪਾਣੀ।
ਮਨ ਨੂੰ ਸਾਫ ਰੱਖੇ ਗੁਰਬਾਣੀ।

ਕੌੜੇ-ਮਿੱਠੇ ਬੋਲ

ਰੁੱਖੇ ਫਿੱਕੇ ਬੋਲਾਂ ਰਾਹੀਂ, ਮਨ-ਕਉਲਾ ਮੁਰਝਾਵੇ।
ਮਿੱਠੇ ਪਿਆਰੇ ਬੋਲਾਂ ਦੇ ਸੰਗ, ਤਨ-ਬੂਟਾ ਲਹਿਰਾਵੇ।
ਮਿੱਠੇ ਬੋਲ ਨੇ ਤੱਤ ਗੁਣਾਂ ਦਾ, ਗੁਰੂ ਨਾਨਕ ਜੀ ਕਹਿੰਦੇ,
ਮਿੱਠਤ ਨੀਵੀਂ ਜਿੱਥੇ ਹੁੰਦੀ, ਉੱਥੇ ਖੇੜਾ ਆਵੇ।

ਰੁੱਖੇ ਕੌੜੇ ਬੋਲ ਜੋ ਹੁੰਦੇ, ਦੂਜਿਆਂ ਤਾਈਂ ਸਤਾਉਂਦੇ।
ਅੰਮ੍ਰਿਤ-ਭਿੰਨੇ ਬੋਲ ਰਸੀਲੇ, ਦੂਜਿਆਂ ਨੂੰ ਨਸ਼ਿਆਉਂਦੇ।
ਕੌੜ-ਕੁਸੈਲੇ ਬੋਲ ਤਿਜ਼ਾਬੀ, ਜ਼ਖਮ ਦਿਲਾਂ ਤੇ ਕਰਦੇ,
ਜਿਹੜੇ ਬੋਲ ਨੇ ਮਾਖਿਉਂ—ਭਿੰਨੇ, ਮੱਲ੍ਹਮ ਦਿਲਾਂ 'ਤੇ ਲਾਉਂਦੇ।

ਰੁੱਖੇ ਬੋਲੀਂ ਦੂਸ਼ਤ ਹੁੰਦੈ, ਵਾਤਾਵਰਣ ਸੁਹਾਣਾ।
ਮਿੱਠੇ ਬੋਲੀਂ ਪਿਆਰ ਵਧਾਵੇ, ਹੈ ਕੋਈ ਜੇਕਰ ਸਿਆਣਾ।
ਕੰਮ ਸੁਆਰਨ ਆਪਣੇ ਸਾਰੇ, ਮਿੱਠਾ ਬੋਲਣ ਜਿਹੜੇ,
'ਮਹਿਕ'-ਪਿਆਰਾਂ ਖੁਸ਼ੀਆਂ ਵਿੱਚੋਂ, ਉਹ ਵੰਡਣ ਮੁਸਕਾਣਾ।

ਪੰਜ ਕਕਾਰ

ਦਸਮ ਗੁਰੂ ਨੇ ਬਖਸ਼ੇ ਸਾਨੂੰ, ਪੰਜ ਕਕਾਰ ਪਿਆਰੇ।
ਹਰ ਸਿੱਖ ਬੱਚਾ ਇਹਨਾਂ ਉੱਤੋਂ, ਜਾਂਦਾ ਵਾਰੇ-ਵਾਰੇ।
ਸਭ ਤੋਂ ਪਹਿਲਾਂ ਮੋਹਰ ਗੁਰੂ ਕੀ, ਸੁੰਦਰ ਕੇਸ ਨਿਰਾਲੇ।
ਹਰ ਸਿੱਖ ਬੱਚਾ ਇਹਨਾਂ ਤਾਈਂ, ਨਾਲ ਸ਼ੌਕ ਦੇ ਪਾਲੇ।
ਕੇਸਾਂ ਤੋਂ ਪਹਿਚਾਣ ਵੱਖਰੀ, ਸਿੱਖ ਬੱਚੇ ਦੀ ਆਵੇ।
ਕੇਸਾਂ ਦੀ ਹੈ ਰਾਖੀ ਕਰਨੀ, ਭਾਵੇਂ ਜਾਨ ਵੀ ਜਾਵੇ।
ਨੰਗੇ ਕੇਸ ਨਹੀਂ ਹੈ ਰਹਿਣਾ, ਸਿਰ ਦਸਤਾਰ ਸਜਾਉਣੀ।
ਬੇਅਦਬੀ ਰੋਮਾਂ ਦੀ ਮੈਨੂੰ, ਭੁੱਲ ਕੇ ਵੀ ਨਹੀਂ ਭਾਉਣੀ।
'ਪਤਿਤ' ਲਫਜ਼ ਨਾ ਆਵੇ ਨੇੜੇ, ਵਿੱਚ ਰਹਿਤ ਹੈ ਰਹਿਣਾ।
ਸਿੱਖ ਬੱਚੇ ਤੇ ਬੱਚੀਆਂ ਸਾਰੇ, ਮੰਨੋ ਗੁਰੂ ਦਾ ਕਹਿਣਾ।
ਦੋਮ ਕਕਾਰ ਅਸਾਡਾ ਕੰਘਾ, ਕੇਸਾਂ ਤਾਈਂ ਵਾਹੁੰਦਾ।
ਹਰ ਸਿੱਖ ਬੱਚਾ ਕੰਘਾ ਆਪਣਾ, ਕੇਸਾਂ ਵਿੱਚ ਟਿਕਾਉਂਦਾ।
ਹਰ ਸਿੱਖ ਬੱਚਾ ਦੋਨੋਂ ਵੇਲੇ, ਕੰਘਾ ਕੇਸੀਂ ਕਰਦਾ।
ਢਿੱਲੜ/ਸੁਸਤ ਕਦੇ ਨਾ ਹੋਵੇ, ਪੈਰ ਅਗਾਂਹ ਵਲ ਧਰਦਾ।
ਲੱਕੜੀ ਦਾ ਹੀ ਬਣਿਆ ਕੰਘਾ, ਰਹਿਤ ਸਾਡੀ ਹੈ ਭਾਈ।
ਖਿਲਰੇ ਕੇਸ ਸੰਵਾਰੇ ਕੰਘਾ, ਕਰਦਾ ਠੀਕ ਸਫਾਈ।
ਕੜਾ ਪਹਿਨਣਾ ਲੋਹੇ ਦਾ ਹੀ, ਹੋਰ ਧਾਤ ਦਾ ਨਾਹੀਂ।
ਗੁਰੂ ਅਸਾਡੇ ਬਖਸ਼ਿਆ ਸਾਨੂੰ, ਕੰਧ ਭਰਮਾਂ ਦੀ ਢਾਹੀ।
ਇਹ ਕਕਾਰ ਅਸਾਡਾ ਤੀਜਾ ਹਰ ਸਿੱਖ ਬੱਚਾ ਪਾਉਂਦਾ।
ਬਿਨਾਂ ਏਸ ਤੋਂ ਬਾਂਹ ਹੈ ਸੁੰਨੀ, ਇਹ ਤਾਂ ਬਾਂਹ ਸਜਾਉਂਦਾ।
ਚੌਥੇ ਨੰਬਰ ਉੱਤੇ ਕਛਹਿਰਾ, ਇਹ ਕਕਾਰ ਹੈ ਸੋਹਣਾ।
ਰੇਬਦਾਰ ਇਹ ਮੂਹਰੀਆਂ ਕੋਲੋਂ, ਸਾਡੇ ਲਈ ਮਨ-ਮੋਹਣਾ।
ਬਣਤਰ ਇਹਦੀ ਬੜੀ ਸੁਚੱਜੀ, ਉੱਚ ਆਦਰਸ਼ਾਂ ਵਾਲੀ।
ਪਹਿਨ ਏਸ ਨੂੰ ਸਦ ਹੀ ਰੱਖੋ, ਇੰਝ ਚਲੋ ਗੁਰ-ਚਾਲੀ।
ਨੰਬਰ ਪੰਜ ਕਕਾਰ ਪਿਆਰਾ, ਹੈ ਕਿਰਪਾਨ ਅਸਾਡੀ।
ਇਹ ਕਿਰਪਾਨ ਹੈ ਰਾਖੀ ਕਰਦੀ, ਸਾਡੀ ਅਤੇ ਤੁਹਾਡੀ।
ਇਹਦੇ ਨਾਲ ਗੁਲਾਮੀ ਭੱਜਦੀ, ਬਣਦਾ ਸਿੰਘ ਸੁਤੰਤਰ।
ਸ਼ੱਤਰੂ ਏਹਦੇ ਕੋਲ ਨਾ ਆਵੇ, ਹੋਵੇ ਦੇਖ ਉੜੰਤਰ।
ਕੰਘੇ-ਚਿਪਕੀ, ਧਾਗੇ-ਬੰਨ੍ਹੀ, ਉਹ ਕ੍ਰਿਪਾਨ ਮਾਮੂਲੀ।
ਨਾਲ ਗਾਤਰੇ ਗਲ ਵਿਚ ਹੋਵੇ, ਉਹ ਕਿਰਪਾਨ ਅਸੂਲੀ।
ਦਸਮ ਗੁਰੂ ਨੇ ਬਖਸ਼ੇ ਸਾਨੂੰ, ਪੰਜ ਕਕਾਰ ਪਿਆਰੇ।
ਹਰ ਸਿੱਖ ਬੱਚਾ ਇਹਨਾਂ ਉੱਤੋਂ, ਜਾਂਦਾ ਵਾਰੇ-ਵਾਰੇ।

ਚਾਰ ਕੁਰਹਿਤਾਂ

੧. ਕੇਸ ਨਾ ਕਦੇ ਵੀ ਕਤਲ ਕਰਾਉਣੇ।
ਭੇਡਾਂ ਵਾਂਗੂੰ ਨਹੀਂ ਮੁਨਾਉਣੇ,
ਆਪਣੇ ਸਿਰ ਤੇ ਸਦਾ ਸਜਾਉਣੇ।

੨. ਤੰਬਾਕੂ ਕੋਲੋਂ ਦੂਰ ਹੀ ਰਹਿਣਾ।
ਆਪਣੇ ਗੁਰੂ ਦਾ ਮੰਨਣਾ ਕਹਿਣਾ।

੩. ਮਾਸ ਨਾ ਖਾਣਾ ਕਦੇ ਹਲਾਲੀ।
ਛੱਡਣੀ ਗੱਲ ਕੁਰਹਿਤਾਂ ਵਾਲੀ।

੪. ਪਰ-ਨਾਰੀ, ਪਰ-ਨਰ ਦਾ ਸੰਗ।
ਸਿੱਖੀ ਰਹਿਤ ਨੂੰ ਕਰਦੇ ਭੰਗ।

ਗੱਲਾਂ ਜੋ ਉਪਰੋਕਤ ਚਾਰ।
ਦੇਣੀਆਂ ਨਹੀਂ ਕਦੇ ਵਿਸਾਰ।

ਕੇਸ

ਕੇਸ ਗੁਰੂ ਕੀ ਮੋਹਰ ਨੇ,
ਇਹ ਸਾਨੂੰ ਪਿਆਰੇ।
ਜੂੜੇ ਕਰਕੇ ਸਿਰਾਂ ਤੇ,
ਇਹ ਜਾਣ ਸ਼ਿੰਗਾਰੇ।
ਇਹ ਬਖਸ਼ੇ ਸਾਨੂੰ ਗੁਰੂ ਨੇ,
ਨਾ ਮਿਲਣ ਉਧਾਰੇ।
ਅਸੀਂ ਬੱਚੇ ਕੇਸਾਂ ਵਾਲੜੇ,
ਸਭ ਗੁਰੂ ਦੁਲਾਰੇ।
'ਕੱਕਾ' ਕੇਸ ਜੋ ਸਾਂਭਦੇ,
ਉਹ ਗੁਰੂ ਸੰਵਾਰੇ।
ਅਸੀਂ ਨੰਗੇ ਸਿਰ ਨਾ ਜਾਈਏ,
ਕਦੇ ਵਿੱਚ ਬਾਜ਼ਾਰੇ।
ਅਸੀਂ ਬੰਨ੍ਹੀਏ ਆਪਣੇ ਸਿਰਾਂ ਤੇ,
ਸੁੰਦਰ ਦਸਤਾਰੇ।
ਅਸੀਂ ਭੁਜੰਗੀ ਖਾਲਸੇ,
ਹਾਂ ਸਭ ਤੋਂ ਨਿਆਰੇ।

ਬੀਬਾ ਸਿੱਖ ਬੱਚਾ

ਅੰਮ੍ਰਿਤ ਵੇਲੇ ਜਾਗਦਾ, ਬੀਬਾ ਸਿੱਖ ਬੱਚਾ।
ਸੁਸਤੀ ਨੂੰ ਹੈ ਤਿਆਗਦਾ, ਬੀਬਾ ਸਿੱਖ ਬੱਚਾ।
ਮਿਲ ਆਪਣੇ ਪਰਿਵਾਰ ਨੂੰ, ਉਹ ਫਤਹਿ ਬੁਲਾਉਂਦਾ।
ਦਾਤਣ ਕਰਕੇ ਝੱਟ ਹੀ, ਉਹ ਪਿੰਡੇ ਨਹਾਉਂਦਾ।
ਆਪਣੇ ਕੇਸ ਪਿਆਰੜੇ, ਫਿਰ ਹੈ ਉਹ ਵਾਹੁੰਦਾ।
ਆਪਣੇ ਸਿਰ ਦਸਤਾਰ ਨੂੰ, ਉਹ ਠੀਕ ਸਜਾਉਂਦਾ।
ਏਦੂੰ ਪਿੱਛੋਂ ਬੈਠ ਕੇ, ਉਹ ਪਾਠ ਹੈ ਕਰਦਾ।
ਗੁਰਬਾਣੀ ਦੇ ਭਾਵ ਦਾ, ਉਹ ਧਿਆਨ ਹੈ ਧਰਦਾ।
ਗੁਰਦੁਆਰੇ ਪੁੱਜ ਕੇ, ਫਿਰ ਟੇਕੇ ਮੱਥਾ।
ਸੰਗਤ ਦੇ ਵਿੱਚ ਬੈਠ ਕੇ, ਸੁਣ ਕੀਰਤਨ ਕਥਾ।
ਘਰ ਆ ਕਰਦਾ ਨਾਸ਼ਤਾ, ਫਿਰ ਜਾਏ ਸਕੂਲੇ।
ਪੜ੍ਹਨਾ ਲਿਖਣਾ ਆਪਣਾ, ਨਾ ਭੁੱਲਦਾ ਮੂਲੇ।
ਲੜਦਾ ਨਾ ਉਹ ਕਦੇ ਵੀ, ਨਾ ਕੱਢਦਾ ਗਾਲ੍ਹਾਂ।
ਫਾਲਤੂ ਚੀਜ਼ਾਂ ਖਾਣ ਤੇ, ਨਾ ਸੁੱਟਦਾ ਲਾਲ੍ਹਾਂ।
ਨਿੱਤ ਨੇਮ ਦੋ ਸਮੇਂ ਦਾ, ਉਹ ਕਰਦਾ ਰਹਿੰਦਾ।
ਅੰਗ-ਸੰਗ ਜਾਣੇ ਰੱਬ ਨੂੰ, ਨਾਂ ਉਸਦਾ ਲੈਂਦਾ।
ਐਸਾ ਬੀਬਾ ਬੱਚੜਾ, ਹੈ ਸਭ ਨੂੰ ਪਿਆਰਾ।
ਪੰਥ ਆਪਣੇ ਦੀ ਸ਼ਾਨ ਹੈ, ਉਹ ਖਾਲਸਾ ਨਿਆਰਾ।
ਮਿੱਠਾ ਤੇ ਸੱਚਾ ਬੋਲਦਾ, ਕਦੀ ਝੂਠ ਨਾ ਬੋਲੇ।
ਸੰਗਤ ਮਾੜੀ ਤੋਂ ਸਦਾ, ਉਹ ਰਹਿੰਦਾ ਓਹਲੇ।
ਛੁੱਟੀ ਮਿਲੇ ਸਕੂਲ ਤੋਂ, ਸਿੱਧਾ ਘਰ ਆਉਂਦਾ।
ਖੇਡਾਂ ਵਿੱਚ ਵੀ ਖੇਡ ਕੇ, ਉਹ ਨਾਂ ਚਮਕਾਉਂਦਾ।

ਸਿੱਖਿਆ ਸਿੱਖੀ ਦੀ

ਗੁਰੂ ਗ੍ਰੰਥ ਸਾਹਿਬ ਕੋਲੋਂ ਲਵੋ ਸਿੱਖਿਆ।
ਰੱਬ ਕੋਲੋਂ ਨਾਮ-ਦਾਨ ਮੰਗੋ ਭਿੱਖਿਆ।
ਟੇਕਣਾ ਨਾ ਮੱਥਾ ਦੇਹਧਾਰੀ ਗੁਰੂ ਨੂੰ।
ਮੰਨਣਾ ਨਾ ਕਿਸੇ ਵੀ ਮੱਕਾਰੀ ਗੁਰੂ ਨੂੰ।
ਵਾਹਿਗੁਰੂ ਦੀ ਸ਼ਕਤੀ ਨਿਰੋਲ ਸ਼ਕਤੀ।
ਇਸ ਤੋਂ ਮਹਾਨ ਨਹੀਂ ਹੋਰ ਸ਼ਕਤੀ।
ਬਿਨਾ ਗੁਰਦੁਆਰੇ ਸਿੱਖ ਜਾਵੇ ਨਾ ਕਿਤੇ।
ਗੁਰੂ ਬਿਨਾਂ ਸ਼ੀਸ ਉਹ ਨਿਵਾਵੇ ਨਾ ਕਿਤੇ।
ਮੂਰਤੀ ਦੀ ਪੂਜਾ ਸਿੱਖ ਨਹੀਂ ਕਰਦਾ।
ਆਪਣੇ ਹੀ ਗੁਰਾਂ ਵਾਲਾ ਧਿਆਨ ਧਰਦਾ।
ਫਿਲਮਾਂ ਨਾ ਦੇਖੇ ਸਿੱਖ ਬੱਚਾ ਮਾੜੀਆਂ।
ਪਾਵੇ ਚੰਗੇ ਬੱਚਿਆਂ ਦੇ ਨਾਲ ਆੜੀਆਂ।
ਅੱਧਾ ਨਾਮ ਨਹੀਂ ਕਿਸੇ ਦਾ ਉਚਾਰਨਾ।
'ਸਿੰਘ' 'ਕੌਰ' ਲਾ ਕੇ ਨਾਮ ਹੈ ਸ਼ਿੰਗਾਰਨਾ।
ਸਿੱਖ ਬੱਚਾ ਨਸ਼ਿਆਂ ਤੋਂ ਦੂਰ ਹੀ ਰਹੇ।
ਚੰਗੇ ਕੰਮਾਂ ਵਿੱਚ ਮਸਰੂਰ ਹੀ ਰਹੇ।
ਵਰਤ, ਸਰਾਧ ਸਿੱਖਾਂ ਤਾਈਂ ਭਾਉਂਦੇ ਨਹੀਂ।
ਭਰਮ, ਭੁਲੇਖੇ ਸਿੱਖਾਂ ਕੋਲ ਆਉਂਦੇ ਨਹੀਂ।
ਜ਼ਾਤ-ਪਾਤ ਵਾਲੜਾ ਵਿਚਾਰ ਨਾ ਕਰੇ।
ਕਦੇ ਕਿਸੇ ਗੱਲ ਦਾ ਹੰਕਾਰ ਨਾ ਕਰੇ।
ਸਿੱਖ-ਬੱਚੇ ਮਿਲ ਫਤਹਿ ਨੇ ਬੁਲਾਂਵਦੇ।
ਚੜ੍ਹਦੀ ਕਲਾ 'ਚ ਪੰਥ ਨੂੰ ਲਿਜਾਂਵਦੇ।

ਪਾਨ

ਜੋ ਬੱਚਾ ਵੀ ਖਾਵੇ ਪਾਨ,
ਉਹ ਨਾ ਬਣੇ ਚੰਗਾ ਇਨਸਾਨ।
ਇਹ ਤਾਂ ਬੜੀ ਹੀ ਗੰਦੀ ਚੀਜ਼,
ਦੇਖਣ ਨੂੰ ਵੀ ਬੜੀ ਗਲੀਜ਼।
ਇਸ ਨਾਲ ਹੋਵਣ ਦੰਦ ਖਰਾਬ,
ਵਿਗੜ ਜਾਏ ਦੰਦਾਂ ਦੀ ਆਬ।
ਪਾਚਨ-ਸ਼ਕਤੀ ਇਹ ਵਿਗਾੜੇ,
ਖਾਣ ਵਾਲੇ ਦੀ ਨਿਗ੍ਹਾ ਉਜਾੜੇ।
ਬਹਿ ਨਾ ਸਕਦਾ ਵਿੱਚ ਉਹ ਸੰਗਤ,
ਵਿਗੜ ਜਾਏ ਹੋਠਾਂ ਦੀ ਰੰਗਤ।
ਉਸਦੇ ਮੂੰਹ 'ਚੋਂ ਡਿੱਗਦਾ ਥੁੱਕ,
ਆਦਰ ਉਸ ਦਾ ਜਾਵੇ ਮੁੱਕ।
ਵਿੱਚ ਮਸੂੜਿਆਂ ਪੈਂਦੀ ਪਾਕ,
ਕੈਂਸਰ ਰੋਗ ਨੂੰ ਮਾਰੇ ਹਾਕ।
ਆਦਤ ਤਾਂ ਇਹ ਬੜੀ ਹੈ ਗੰਦੀ,
ਜਿੰਨੀ ਆਖੀਏ, ਓਨੀਓਂ ਮੰਦੀ।
ਸਿੱਖ ਬੱਚੇ ਨਾ ਇਸ ਨੂੰ ਖਾਵਣ।
ਚੰਗੀਆਂ ਆਦਤਾਂ ਵੱਲ ਹੀ ਜਾਵਣ।

ਸ਼ਰਾਬ

ਲੋਕੀਂ ਜਿਹੜੇ ਪੀਣ ਸ਼ਰਾਬ।
ਆਪਣਾ ਜੀਵਨ ਕਰਨ ਖਰਾਬ।
ਅਕਲ ਉਨ੍ਹਾਂ ਦੀ ਜਾਂਦੀ ਦੂਰ।
ਭੁੱਲਦੇ ਜੀਵਨ ਦਾ ਦਸਤੂਰ।
ਚੰਗੀਆਂ ਗੱਲਾਂ ਛੱਡ ਉਹ ਜਾਂਦੇ।
ਫਿੱਟ-ਲਾਹਣਤਾਂ ਜੱਗ ਤੋਂ ਖਾਂਦੇ।
ਰੱਬ ਦਾ ਚੇਤਾ ਵੀ ਹਨ ਭੁੱਲਦੇ।
ਵਾਂਗ ਸ਼ੁਦਾਈਆਂ ਫਿਰਦੇ ਰੁਲਦੇ।
ਬਕਦੇ ਊਟ-ਪਟਾਂਗ ਸ਼ਰਾਬੀ।
ਜ਼ਿੰਦਗੀ ਬਣਦੀ ਬੇ-ਹਿਸਾਬੀ।
ਬਦਬੂ ਉਹਨਾਂ ਕੋਲੋਂ ਆਵੇ।
ਸਿੱਖ ਬੱਚਾ ਤਾਂ ਨੇੜ ਨਾ ਜਾਵੇ।
ਬਣਨ ਸ਼ਰਾਬੀ ਮੂੜ੍ਹ ਨਿਕਾਰੇ।
ਪੇਟ ਫੁੱਲ ਕੇ ਬਣਨ ਗੁਬਾਰੇ।
ਵਧੀਆ ਜੀਵਨ ਜਾਚ ਬਣਾਵੋ।
ਸਿੱਖੀ-ਮਾਰਗ ਨੂੰ ਅਪਣਾਵੋ।
ਹਰਿ-ਰਸ ਪੀਣਾ ਪਿਆਉਣਾ ਸਿੱਖ।
ਸਿੱਖੀ ਜੀਵਨ ਜਿਊਣਾ ਸਿੱਖ।

ਤੰਬਾਕੂ

ਪੀਂਦਾ ਜਿੱਥੇ ਕੋਈ ਤੰਬਾਕੂ।
ਸਿੱਖ-ਬੱਚਾ ਨਾ ਓਧਰ ਝਾਕੂ।
ਜਗਤ-ਜੂਠ ਹਨ ਇਸਨੂੰ ਕਹਿੰਦੇ।
ਸਿੱਖ ਏਸ ਤੋਂ ਦੂਰ ਹੀ ਰਹਿੰਦੇ।
ਚੀਜ਼ ਇਹ ਗੰਦੀ ਬਦਬੂ ਵਾਲੀ।
ਜਿਸਨੇ ਵਰਤੀ, ਜ਼ਿੰਦਗੀ ਗਾਲੀ।
ਇਸਤੋਂ ਲੱਗਣ ਅਨੇਕਾਂ ਰੋਗ।
ਜੀਵਨ ਚੰਗਾ ਸਕਣ ਨਾ ਭੋਗ।
ਉਂਗਲਾਂ-ਹੋਂਠ ਨੇ ਬਣਦੇ ਕਾਲੇ।
ਦੰਦ-ਮਸੂੜਿਆਂ ਨੂੰ ਇਹ ਗਾਲੇ।
ਇਹ ਤਾਂ ਬੱਚਿਓ, ਇੱਕ ਹੈ ਜ਼ਹਿਰ।
ਕਰੇ ਜਿਸਮ ਦੇ ਉੱਤੇ ਕਹਿਰ।
ਪੀਣ ਜੋ ਹੁੱਕਾ ਚਿਲਮ ਨਿਸੰਗ।
'ਗਧੀ-ਚੁੰਘਣੀ' ਕਹਿਣ ਨਿਹੰਗ।

ਖਾਲਸੇ

ਦਿਨ-ਰੈਣ ਰੱਬ ਨੂੰ ਯਾਦ ਰਖਦੇ, ਹੁੰਦੇ ਨੇ ਜੋ ਖਾਲਸੇ।
ਸਿੱਖੀ ਦੇ ਵਿਚਾਰਾਂ ਨੂੰ ਆਬਾਦ ਰੱਖਦੇ, ਹੁੰਦੇ ਨੇ ਜੋ ਖਾਲਸੇ।
ਸੱਚੇ ਰੱਬ ਉੱਤੇ ਹੁੰਦਾ ਵਿਸ਼ਵਾਸ ਹੈ, ਤਾਹੀਓਂ ਕਹਿੰਦੇ ਖਾਲਸੇ।
ਬਾਣੀ ਨਾਲ ਪ੍ਰੇਮ ਹੁੰਦਾ ਸਦਾ ਖਾਸ ਹੈ, ਤਾਹੀਓਂ ਕਹਿੰਦੇ ਖਾਲਸੇ।
ਮੜ੍ਹੀਆ-ਮਸਾਣੀਆਂ ਨੂੰ ਨਹੀਂ ਪੂਜਦੇ, ਬੱਚੇ ਜਿਹੜੇ ਖਾਲਸੇ।
ਭਰਮਾਂ-ਭੁਲੇਖਿਆਂ ਨੂੰ ਘਰੋਂ ਹੂੰਝਦੇ, ਬੱਚੇ ਜਿਹੜੇ ਖਾਲਸੇ।
ਫੋਕਿਆਂ ਦਿਖਾਵਿਆਂ ਤੋਂ ਦੂਰ ਹੁੰਦੇ ਨੇ, ਗੁਰੂ ਜੀ ਦੇ ਖਾਲਸੇ।
ਰੱਬੀ ਭਾਣੇ ਵਿਚ ਮਖ਼ਮੂਰ ਹੁੰਦੇ ਨੇ, ਗੁਰੂ ਜੀ ਦੇ ਖਾਲਸੇ।
ਵਾਹਿਗੁਰੂ ਦੇ ਨਾਲ ਨੇੜਤਾ ਵਧਾਉਂਦੇ ਨੇ,
ਪਿਆਰੇ ਨਿਆਰੇ ਖਾਲਸੇ।
ਰੱਬੀ-ਗਿਆਨ ਜੋਤ ਮਨਾਂ 'ਚ ਜਗਾਉਂਦੇ ਨੇ,
ਪਿਆਰੇ-ਨਿਆਰੇ ਖਾਲਸੇ।
ਉੱਚੇ-ਸੁੱਚੇ ਬੱਚੇ ਬਣ ਜਾਂਦੇ ਸੂਰੇ ਜੋ, ਖਾਲਸੇ ਅਖਾਉਂਦੇ ਨੇ।
ਆਪਣੇ ਧਰਮ ਵਿਚ ਹੋਣ ਪੂਰੇ ਜੋ, ਖਾਲਸੇ ਅਖਾਉਂਦੇ ਨੇ।

ਸਿੱਖ ਤਿਉਹਾਰ

ਆਪੋ ਆਪਣੇ ਹਨ ਤਿਉਹਾਰ।
ਆਪੋ ਆਪਣਾ ਸਭ ਦਾ ਪਿਆਰ।
ਸਿੱਖਾਂ ਦੇ ਤਿਉਹਾਰ ਨਿਰਾਲੇ।
ਸਿੱਖੀ ਸ਼ਾਨ ਵਧਾਵਣ ਵਾਲੇ।
ਸ਼ਹੀਦੀ ਤੇ ਪ੍ਰਕਾਸ਼ ਦਿਹਾੜੇ।
ਸਿੱਖਾਂ ਲਈ ਹਨ ਖਾਸ ਦਿਹਾੜੇ।
ਦਿਵਸ ਖਾਲਸਾ ਜੋ ਵੈਸਾਖੀ।
ਚੜ੍ਹਦੀ ਕਲਾ ਦੀ ਭਰਦਾ ਸਾਖੀ।
ਆਪਣੇ ਗੁਰੂ ਮਨਾਵਣ ਜਿਹੜੇ।
ਖੁਸ਼ੀਆਂ ਆਵਣ ਉਹਨਾਂ ਵਿਹੜੇ।
ਸਿੱਖ-ਤਿਉਹਾਰ ਮਨਾਵੋ ਬੱਚਿਓ।
ਵੱਲ ਉੱਨਤੀ ਦੇ ਜਾਵੋ ਬੱਚਿਓ।
ਗੁਰੂ ਦੀ ਸਿੱਖਿਆ ਸੁਣ ਅਪਣਾਵੋ।
ਆਪਣਾ ਜੀਵਨ ਸਫਲ ਬਣਾਵੋ।

ਜ਼ਾਤ-ਪਾਤ

ਇਕੋ ਰੱਬ ਦੀ ਹਾਂ ਸੰਤਾਨ।
ਉਹ ਸਭਨਾਂ ਦਾ ਪਿਤਾ ਮਹਾਨ।
ਚੰਗੇ ਕੰਮ ਜੋ ਕਰਦੇ ਬੱਚੇ।
ਉਹ ਬੱਚੇ ਤਾਂ ਸੁੱਚੇ-ਸੱਚੇ।
ਜਾਤ-ਪਾਤ ਦੇ ਵਿੱਚ ਜੋ ਵੰਡਣ।
ਸਿੱਖ ਬੱਚੇ ਉਹਨਾਂ ਨੂੰ ਖੰਡਣ।
ਨਾ ਕੋਈ ਨੀਵਾਂ ਨਾ ਕੋਈ ਉੱਚਾ।
ਜੀਵਨ ਸਿੱਖੀ ਸਭ ਤੋਂ ਸੁੱਚਾ।
ਅੰਮ੍ਰਿਤ ਸਾਨੂੰ ਜਦੋਂ ਛਕਾਇਆ।
ਇੱਕੋ ਬਾਟੇ ਵਿਚ ਪਿਆਇਆ।
ਸਭਨਾਂ ਤਾਈਂ ਸਿੰਘ ਸਜਾਇਆ।
ਜਾਤ-ਪਾਤ ਦਾ ਭਰਮ ਮਿਟਾਇਆ।
ਇੱਕੋ ਪੰਗਤ ਲੰਗਰ ਛਕਿਆ।
ਜਾਤ-ਪਾਤ ਨੂੰ ਭੱਜਦਿਆਂ ਤੱਕਿਆ।
ਇੱਕ ਸਰੋਵਰ ਰਲ ਕੇ ਨ੍ਹਾਤੇ।
ਜ਼ਾਤ-ਪਾਤ ਨੂੰ ਸੁੱਟਿਆ ਖਾਤੇ।
ਜ਼ਾਤ-ਗੋਤ ਦੇ ਲਾਹ ਕੇ ਜਾਲੇ।
ਨਾਮ ਰਖਾਏ ਸਿੰਘਾਂ ਵਾਲੇ।

ਅੰਮ੍ਰਿਤ ਵੇਲਾ

ਅੰਮ੍ਰਿਤ ਵੇਲਾ ਅਤਿ ਮਹਾਨ।
ਗੁਰਸਿੱਖਾਂ ਦੀ ਹੈ ਇਹ ਸ਼ਾਨ।
ਸੱਚੇ ਰੱਬ ਨੂੰ ਕਰ ਕੇ ਯਾਦ।
ਨਾਮ-ਰਸੇ ਦਾ ਚੱਖਣ ਸਵਾਦ।
ਕਰਦੇ ਸਿਮਰਨ ਹੋਇ ਇਕਾਗਰ।
ਵਿੱਚ ਸਮਾਜ ਦੇ ਵਧਦਾ ਆਦਰ।
ਗੁਰਮੁਖ ਵੇਲਾ ਇਹ ਸੰਭਾਲਣ।
ਮਨਮੁਖ ਇਸ ਵੇਲੇ ਨੂੰ ਗਾਲਣ।
ਗੁਰੂ ਨਾਨਕ ਦਾ ਇਹ ਫੁਰਮਾਨ।
ਇਸ ਨੂੰ ਸਮਝੋ ਨਾਲ ਧਿਆਨ :
"ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰ॥
ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰ॥"
ਅੰਮ੍ਰਿਤ ਵੇਲੇ ਤਾਈਂ ਸੰਭਾਲੋ। ਆਲਸ ਨੂੰ ਹਰ ਹੀਲੇ ਟਾਲੋ।
ਪੜ੍ਹੀ ਸੁਣੀ ਨਾ ਜਿਸ ਗੁਰਬਾਣੀ। ਉਸ ਨੇ ਜ਼ਿੰਦਗੀ ਸਹੀ ਨਾ ਮਾਣੀ।
ਨਾਮ ਦਾ ਸਿਮਰਨ ਕਰਨ ਜੋ ਲੋਗ। ਤਨ ਮਨ ਆਪਣੇ ਰੱਖਣ ਅਰੋਗ।
ਪਹੁ-ਫੁਟਾਲੇ ਦਾ ਇਹ ਵੇਲਾ। ਕਰਦਾ ਮਨ ਨੂੰ ਨਵਾਂ ਨਵੇਲਾ।
ਸਿਮਰਨ ਸੰਗ ਜੋ ਕਰਦੇ ਪਿਆਰ। ਜੀਵਨ ਵਿੱਚੋਂ ਕੱਢਣ ਵਿੰਕਾਰ।
ਨਿੱਤਨੇਮ ਜੋ ਬੱਚੇ ਕਰਦੇ। ਆਪਣਾ ਪੈਰ ਅਗਾਹਾਂ ਧਰਦੇ।
ਕਰਨ ਤਰੱਕੀ ਵਿਚ ਪੜ੍ਹਾਈ। ਪੈਦਾ ਕਰਦੇ ਗੁਣ ਚੰਗਿਆਈ।

ਚੜ੍ਹਦੀ ਕਲਾ

ਆਸ਼ਾਵਾਦੀ ਬਣਕੇ ਰਹਿਣਾ। ਦੁਖ ਸੁਖ ਦੋਵੇਂ ਸਮ ਕਰ ਸਹਿਣਾ।
ਜੀਵਨ ਦਾ ਉਤਸ਼ਾਹ ਵਧਾਵੋ। ਅਪਣੇ ਕੰਮ 'ਚ ਅੱਗੇ ਜਾਵੋ।
ਗਲਤ-ਠੀਕ ਦਾ ਰੱਖੋ ਧਿਆਨ। ਕਰਨਾ ਵਾਧਾ ਵਿੱਚ ਗਿਆਨ।
ਜਿਹੜੇ ਬੱਚੇ ਹਨ ਉਤਸ਼ਾਹੀ। ਜੀਵਨ-ਸਫਰ ਦੇ ਵਧੀਆ ਰਾਹੀ।
ਮਨ ਤੇ ਕਾਬੂ ਪਾਉਣਾ ਸਿੱਖੋ। ਚੜ੍ਹਦੀ ਕਲਾ 'ਚ ਆਉਣਾ ਸਿੱਖੋ।
ਮਨ ਦੀ ਬਿਰਤੀ ਖਿੰਡਣ ਨਾ ਦੇਵੋ। ਵਾਹਿਗੁਰੂ ਤਾਈਂ ਸਦ ਹੀ ਸੇਵੋ।
ਸਬਰ, ਸ਼ਾਂਤੀ, ਦ੍ਰਿੜ ਇਰਾਦਾ। ਰਖਦੇ ਜੀਵਨ ਸੁਹਣਾ ਸਾਦਾ।
ਢਹਿੰਦੀ-ਕਲਾ ਦੇ ਵਿੱਚ ਜੋ ਆਵੇ। ਅਪਣਾ ਆਪ ਅਸਫਲ ਬਣਾਵੇ।
ਆਪਣੇ ਕੰਮ ਨੂੰ ਕਰਦੇ ਜਾਵੋ। ਧਿਆਨ ਗੁਰਾਂ ਦਾ ਧਰਦੇ ਜਾਵੋ।
ਖਿਆਲ ਜੇ ਨੇਕ ਲਿਆਵੋ ਅੰਦਰ। ਬਣ ਜਾਵੇ ਮਨ ਪਿਆਰਾ ਮੰਦਰ।
ਜਿਹੜੇ ਰਾਹ ਅਸਾਂ ਨੇ ਜਾਣਾ। ਮਨ ਵਿੱਚ ਹੋਵੇ ਸਹੀ ਟਿਕਾਣਾ।
ਅਪਣੇ ਮਨ ਤੋਂ ਜੋ ਬਲਵਾਨ। ਗੁਰਸਿੱਖ ਬੱਚੇ ਬਣਨ ਮਹਾਨ।
ਕ੍ਰੋਧ, ਈਰਖਾ, ਡਰ, ਉਦਾਸੀ। ਇਹ ਤਾਂ ਉਮਰ ਘਟਾਉਂਦੇ ਜਾਸੀ।
ਮਨ ਦੇ ਰੋਗੀ ਤਨ ਦੇ ਰੋਗੀ। ਜੀਵਨ ਉਹਨਾਂ ਦਾ ਬਣਦਾ ਸੋਗੀ।
ਐਸਾ ਰੱਖੋ ਦ੍ਰਿੜ ਵਿਸ਼ਵਾਸ। ਹੋਵੇਗੀ ਪੂਰੀ ਅਰਦਾਸ।
ਗੁਰਬਾਣੀ ਸੰਗ ਲਾਵੋ ਮਨ ਨੂੰ। ਏਦਾਂ ਸੁਖੀ ਬਣਾਵੋ ਤਨ ਨੂੰ।
ਚੜ੍ਹਦੀ ਕਲਾ 'ਚ ਕਰ ਕੁਰਬਾਨੀ। ਸੂਰੇ ਜਾਂਦੇ ਵਾਰ ਜਵਾਨੀ।
'ਨਾਨਕ ਨਾਮ ਚੜ੍ਹਦੀ ਕਲਾ।'
ਚੜ੍ਹਦੀ ਕਲਾ ਦੇ ਵਿੱਚ ਹੀ ਭਲਾ।

ਨਿਸ਼ਾਨ ਸਾਹਿਬ

ਸਭ ਦੇਸ਼ਾਂ ਦੇ ਅੱਡ ਨਿਸ਼ਾਨ।
ਨਿਸ਼ਾਨ ਖਾਲਸਾ ਅਤਿ ਮਹਾਨ।
ਇਸ ਦੇ ਸਿਰ 'ਤੇ ਖੰਡਾ ਚਮਕੇ।
ਦੋ ਕਿਰਪਾਨਾਂ, ਚੱਕਰ ਦਮਕੇ।
ਛੇਵੇਂ ਗੁਰਾਂ ਨੇ ਸ਼ੁਰੂ ਕਰਾਏ।
ਸਭ ਗੁਰਦੁਆਰਿਆਂ ਉੱਤੇ ਝੁਲਾਏ।
ਅਕਾਲ-ਤਖਤ, ਹਰਿਮੰਦਰ ਮੂਹਰੇ।
ਨਿਸ਼ਾਨ ਏਸ ਥਾਂ ਝੂਲਦੇ ਦੂਹਰੇ।
ਝੂਲੇ ਅਰਸ਼ਾਂ ਵਿੱਚ ਫਰੇਰਾ।
ਪੰਥ ਖਾਲਸਾ ਅਤਿ ਉਚੇਰਾ।
ਆਪਣੇ ਪੈਰ ਅਗਾਹਾਂ ਧਰਦੇ।
ਸੂਰੇ ਜਿੱਤ ਪ੍ਰਾਪਤ ਕਰਦੇ।
ਨਿਸ਼ਾਨ ਸਾਹਿਬ ਦਾ ਇਹੋ ਸੰਦੇਸ਼।
ਪੰਥ ਖਾਲਸਾ ਵਧੇ ਹਮੇਸ਼।

ਖੋਤੇ ਉੱਤੇ ਸ਼ੇਰ ਦੀ ਖੱਲ

ਔਹ ਦੇਖੋ ! ਦਸ਼ਮੇਸ਼ ਗੁਰਾਂ ਦਾ, ਲੱਗ ਰਿਹਾ ਦਰਬਾਰ।
ਸਜਦੀ ਖੂਬ ਸਿੰਘਾਸਣ ਉੱਤੇ, ਸਿੰਘਾਂ ਦੀ ਸਰਕਾਰ।
ਕੀਰਤਨ ਪਿੱਛੋਂ ਸੰਗਤ ਵਿੱਚ ਹੀ, ਹੋਈਆਂ ਉੱਚ ਵਿਚਾਰਾਂ।
ਸਰੂਪ ਧਰਮ ਦਾ ਓਹੀ ਸਮਝਣ, ਠੀਕ ਜਿਨ੍ਹਾਂ ਦੀਆਂ ਕਾਰਾਂ।
ਥੋੜ੍ਹੇ ਜਿਹੇ ਸਿੰਘਾਂ ਦੀ ਟੋਲੀ, ਵੱਲ ਗੁਰਾਂ ਦੇ ਆਉਂਦੀ।
ਇਹ ਟੋਲੀ ਤਾਂ ਹੱਸਦੀ ਆਵੇ, ਖਿੱਲੀ-ਸ਼ੋਰ ਮਚਾਉਂਦੀ।
ਕੋਲ ਇਨ੍ਹਾਂ ਦੇ ਇੱਕ ਸੀ ਖੋਤਾ, ਬੰਨ੍ਹਿਆਂ ਬਾਹਰ ਦੀਵਾਨੋਂ।
ਹੱਸਦੇ ਆਉਂਦੇ ਦੇਖ ਸਿੰਘਾਂ ਨੂੰ, ਪੁੱਛਿਆ ਗੁਰਾਂ ਜ਼ਬਾਨੋਂ।
ਸਿੰਘਾਂ ਦੱਸਿਆ, "ਕਈ ਦਿਨਾਂ ਤੋਂ, ਸ਼ੇਰ ਨੇ ਲੋਕ ਡਰਾਏ।
ਖੇਤਾਂ ਦੇ ਵਿਚ ਫਿਰਦਾ ਖੁੱਲ੍ਹਾ, ਸੁਣ ਕੇ ਸਭ ਘਬਰਾਏ।
ਅੱਜ ਸਵੇਰੇ ਖੋਤੇ ਲੈ ਕੇ, ਜਦ ਘੁਮਿਆਰ ਇੱਕ ਆਇਆ।
ਦੇਖ ਇਨ੍ਹਾਂ ਨੂੰ ਸ਼ੇਰ ਹੀਂਘਿਆ, ਪਰਦਾ ਫਾਸ਼ ਕਰਾਇਆ।
ਸਮਝ ਗਿਆ ਘੁਮਿਆਰ ਝੱਟ ਹੀ, ਖੱਲ ਖੋਤੇ 'ਤੇ ਪਾਈ।
ਸ਼ੇਰ-ਨੁਮਾ ਇਹ ਖੋਤਾ ਉਸਦਾ, ਜਿਸ ਤੋਂ ਡਰੇ ਲੁਕਾਈ।"
ਖੋਤੇ ਉੱਤੋਂ ਖੱਲ ਨੂੰ ਲਾਹ ਕੇ, ਕੋਲ ਗੁਰਾਂ ਦੇ ਲਿਆਏ।
ਦੇਖ ਕੇ ਸੰਗਤ ਹੱਸਣ ਲੱਗੀ, ਦਸਮ ਗੁਰੂ ਮੁਸਕਾਏ।
ਪੁੱਛਣ, "ਬਣਾਉਟੀ ਸ਼ੇਰ ਦੇ ਵਰਗਾ, ਦੱਸੋ ਸਿੰਘ ਹੈ ਕਿਹੜਾ?"
ਉਹ ਨਹੀਂ ਸੱਚਾ ਸਿੰਘ ਗੁਰੂ ਦਾ ਖੋਤੇ ਵਰਗਾ ਜਿਹੜਾ।
ਅੰਦਰੋਂ ਹੋਰ ਤੇ ਬਾਹਰੋਂ ਹੋਰ, ਉਹ ਤਾਂ ਸਿੰਘ ਹੈ ਕੱਚਾ।
ਠੀਕ ਰਹਿਤ ਜੋ ਅੰਦਰੋਂ ਬਾਹਰੋਂ ਉਹ ਸਿੰਘ ਸਾਡਾ ਸੱਚਾ।
ਸਿੱਖੀ ਦੇ ਗੁਣ ਜਿਸ ਦੇ ਪੱਲੇ, ਕਰਦਾ ਨਹੀਂ ਦਿਖਾਵਾ।
ਉਸ ਸਿੱਖ ਨੂੰ ਕਦੇ ਨਾ ਆਵੇ, ਕਿਸੇ ਕਿਸਮ ਦਾ ਹਾਵਾ।
ਹਾਸੇ ਭਰਿਆ ਢੰਗ ਵਰਤ ਕੇ, ਪਰਖ ਗੁਰਾਂ ਨੇ ਕੀਤੀ।
ਐਸੀ ਘਟਨਾ ਕੋਈ ਨਾ ਭੁੱਲੂ, ਜੋ ਖੋਤੇ ਸਿਉਂ ਬੀਤੀ।

ਗੁਣਾਂ ਦੀ ਸਾਂਝ

ਦੂਜਿਆਂ ਤੋਂ ਗੁਣ ਆਪਾਂ ਲੈ ਕੇ,
ਨਾਲ ਉਨ੍ਹਾਂ ਦੇ ਸਾਂਝਾਂ ਪਾਈਏ।
ਕਰੀਏ ਔਗਣ ਅੱਖੋਂ ਉਹਲੇ,
ਆਪਣਾ ਗੁਣ-ਭੰਡਾਰ ਵਧਾਈਏ।
ਪਿਆਰਾਂ ਵਾਲੀ ਛੱਮਕ ਫੜ ਕੇ,
ਨਿੰਦਿਆ ਨਫ਼ਰਤ ਮਾਰ ਭਜਾਈਏ।
ਮਿਲਵਰਤਨ ਤੇ ਪਿਆਰ ਵਧਾ ਕੇ,
ਆਪਾਂ ਰੋਂਦਿਆਂ ਤਾਈਂ ਹਸਾਈਏ।
ਹਰ ਇੱਕ ਬੰਦਾ ਗੁਣਾਂ ਦਾ ਗੁਥਲਾ,
ਉਹਦੇ ਔਗਣਾਂ ਵੱਲ ਨਾ ਜਾਈਏ।
ਪਿਆਰ ਦਾ ਰਿਸ਼ਤਾ ਗੂੜ੍ਹਾ ਕਰਕੇ,
ਸੁੰਦਰ, ਸੁਖੀ ਸਮਾਜ ਬਣਾਈਏ।
"ਸਾਂਝ ਕਰੀਜੈ ਗੁਣਹ ਕੇਰੀ"
ਸਭ ਨੂੰ ਇਹ ਸੰਦੇਸ਼ ਸੁਣਾਈਏ।
ਸਾਡੀ ਸਿੱਖ ਫੁਲਵਾੜੀ ਸੁੰਦਰ,
ਸਭ ਨੂੰ ਇਸ ਦੀ 'ਮਹਿਕ' ਸੁੰਘਾਈਏ।

ਗੁਰਬਾਣੀ ਦੀ ਮਹਿਕ

ਗੁਰੂ ਗ੍ਰੰਥ ਜੀ ਦੀ ਸਿੱਖਿਆ ਨੂੰ ਪੱਲੇ ਬੰਨ੍ਹ,
ਗੁਰਮਤਿ ਗੁਰਬਾਣੀ ਦ੍ਰਿੜ੍ਹ ਕਰਵਾਉਣਾ ਹੈ।
ਦੰਭੀ ਤੇ ਪਖੰਡੀ, ਅਗਿਆਨੀ, ਦੇਹਧਾਰੀ ਗੁਰੂ,
ਇਹਨਾਂ ਦੇ ਪਸਾਰੇ ਤੇ ਖਿਲਾਰੇ ਨੂੰ ਹਟਾਉਣਾ ਹੈ।
ਸਿੱਖ ਨੌਜਵਾਨਾਂ ਨੂੰ ਪੜ੍ਹਾਉਣਾ ਇਤਿਹਾਸ ਪੰਥ,
ਪਤਿੱਤ ਤਾਈ, ਨਸ਼ਿਆਂ ਦੇ ਰੋਗਾਂ ਨੂੰ ਭਜਾਉਣਾ ਹੈ।
ਚੰਗੇ ਪੜ੍ਹੇ ਲਿਖੇ ਤੇ ਟ੍ਰੇਂਡ ਪ੍ਰਚਾਰਕਾਂ ਨੂੰ,
ਸੇਵਾ ਨਿਸ਼ਕਾਮ ਲਈ ਅੱਗੇ ਲੈ ਕੇ ਆਉਣਾ ਹੈ।
ਬੱਚਿਆਂ ਨੂੰ ਦੇਣ ਲਈ ਧਾਰਮਿਕ ਸਿੱਖਿਆ,
ਕਰ ਪ੍ਰਬੰਧ ਉਹਨਾਂ ਖਾਲਸੇ ਸਜਾਉਣਾ ਹੈ।
ਗੁਰੂ ਦੀ ਵਿਚਾਰਧਾਰਾ ਸਿੱਖਣੇ ਸਿਖਾਉਣੇ ਲਈ,
ਸਿੱਖ ਫੁਲਵਾੜੀ ਹਰ ਘਰ 'ਚ ਪੁਚਾਉਣਾ ਹੈ।
ਕਾਲਜਾਂ ਸਕੂਲਾਂ ਵਿੱਚ, ਸ਼ਹਿਰਾਂ ਅਤੇ ਪਿੰਡਾਂ ਵਿੱਚ,
ਉੱਚੇ ਤੇ ਆਦਰਸ਼ਕ ਸਮਾਗਮ ਰਚਾਉਣਾ ਹੈ।
ਹਰ ਗੁਰਸਿੱਖ ਲਈ ਖੰਡੇਵਾਲੀ ਦਾਤ ਬਖਸ਼,
ਖਾਲਸੇ ਦੀ ਜਥੇਬੰਦੀ ਵਿਚ ਹੀ ਲਿਆਉਣਾ ਹੈ।
ਗੁਰਮਤਿ ਵਾਲੇ ਲਿਟ੍ਰੇਚਰ ਦੀ ਖੋਜ ਕਰ,
ਬੱਚਿਆਂ ਤੇ ਵੱਡਿਆਂ ਨੂੰ ਮੁਫਤ ਪੜ੍ਹਾਉਣਾ ਹੈ।
ਉਪ੍ਰੋਕਤ ਉੱਦੇਸ਼ਾਂ ਦਾ ਸੰਦੇਸ਼ਾ ਅਸੀਂ ਦੇਣਾ ਰਲ,
ਗੁਰਬਾਣੀ ਵਾਲੀ ਅਸੀਂ 'ਮਹਿਕ' ਨੂੰ ਫੈਲਾਉਣਾ
ਹੈ।

ਵਸਦੇ ਰਹੋ—ਉੱਜੜ ਜਾਵੋ

ਇੱਕ ਦਿਨ ਬਾਬਾ ਨਾਨਕ ਪਿਆਰੇ, ਐਸੇ ਪਿੰਡ ਵਿੱਚ ਆਏ।
ਨਾਲ ਉਨ੍ਹਾਂ ਦੇ ਭਾਈ ਮਰਦਾਨਾ, ਇੱਕ ਥਾਂ ਆਸਣ ਲਾਏ।
ਭੋਜਨ ਪਾਣੀ ਵਾਲਾ ਕਿਸੇ ਨੇ, ਲਿਆ ਨਹੀਂ ਸੀ ਨਾਂ।
ਰਾਤ ਕੱਟਣ ਨੂੰ ਨਹੀਂ ਸੀ ਦਿੱਤੀ, ਲੋਕਾਂ ਨੇ ਕੋਈ ਥਾਂ।
ਪਿੰਡੋਂ ਬਾਹਰ ਗਏ ਵਿੱਚ ਖੇਤਾਂ, ਭੁੱਖਿਆਂ ਰਾਤ ਗੁਜ਼ਾਰੀ।
ਉੱਠ ਸਵੇਰੇ ਅੱਗੇ ਜਾਣ ਦੀ, ਉਹਨਾਂ ਕਰੀ ਤਿਆਰੀ।
'ਵਸਦੇ ਰਹੋ' ਅਸੀਸ ਸੀ ਦਿੱਤੀ, ਪਿੰਡ ਵਾਸੀਆਂ ਤਾਈਂ।
"ਭਾਈ ਮਰਦਾਨੇ! ਇਸ ਪਿੰਡ ਦੇ ਵਿੱਚ, ਨਾ ਆਈਂ ਨਾ ਜਾਈਂ।"
ਅਗਲੇ ਦਿਨ ਉਹ ਸ਼ਾਮਾਂ ਵੇਲੇ, ਅਗਲੇ ਪਿੰਡ ਪਧਾਰੇ।
ਬਾਬੇ ਵਾਲੀ ਆਮਦ ਸੁਣ ਕੇ, ਹੋਏ ਇਕੱਤ੍ਰ ਸਾਰੇ।
ਧਰਮਸ਼ਾਲਾ ਦੇ ਵਿੱਚ ਲਿਆ ਕੇ, ਪਲੰਘਾਂ ਉੱਤੇ ਬਿਠਾਏ।
ਕਰਨ ਲਈ ਬਿਸ਼ਰਾਮ ਰਾਤ ਨੂੰ, ਬਿਸਤਰ ਨਵੇਂ ਵਿਛਾਏ।
ਅੰਨ-ਪਾਣੀ ਦੇ ਨਾਲ ਉਨ੍ਹਾਂ ਦੀ, ਲੋਕਾਂ ਕੀਤੀ ਸੇਵਾ।
ਮਿੱਠੇ/ਸੁੰਦਰ ਬਚਨ ਗੁਰੂ ਦੇ, ਜਾਪਣ ਮਿੱਠਾ ਮੇਵਾ।
ਪਿਆਰੀ ਪਿਆਰੀ ਸਿੱਖਿਆ ਦੇ ਸੰਗ, ਸੀਨਾ ਸਭ ਦਾ ਠਰਿਆ।
ਉੱਠ ਸਵੇਰੇ ਨਾਲ ਅਦਬ ਦੇ, ਵਿਦਾ ਦੁਹਾਂ ਨੂੰ ਕਰਿਆ।
ਵਿਦਾਇਗੀ ਵੇਲੇ ਲੋਕਾਂ ਤਾਈਂ, ਬੋਲੇ 'ਉਜੜ ਜਾਵੋ'।
ਹੋਰਨਾਂ ਥਾਵਾਂ ਤੇ ਵੀ ਜਾ ਕੇ, ਚੰਗੇ ਪੁਰਸ਼ ਬਣਾਵੋ।
ਘਟੀਆ ਬੰਦੇ ਇੱਕ ਥਾਂ ਵੱਸਣ, ਹੋਰ ਕਿਤੇ ਨਾ ਜਾਵਣ।
ਧਰਮੀ ਪੁਰਸ਼ ਉਜੜਨ ਜੇਕਰ - ਮਹਿਕਾਂ ਹੀ ਉਹ ਖਿੰਡਾਵਣ।
ਜਿਨ੍ਹਾਂ ਦੀ ਕਿਰਤ ਕਮਾਈ ਸੁੱਚੀ, ਹਰ ਥਾਵੇਂ ਉਹ ਸੁਹੰਦੇ।
ਨੇਕੀਆਂ ਵਾਲੀ 'ਮਹਿਕ' ਵੰਡ ਕੇ, ਸਭਨਾਂ ਦੇ ਮਨ ਮੁਹੰਦੇ।

ਐਸੀ ਮਾਂ...

ਜਿਸਦਾ ਮਨ ਗੁਰਬਾਣੀ-ਰਾਤਾ। ਸਮਝੇ ਗੁਰੂ ਨੂੰ ਪਿਤਾ ਤੇ ਮਾਤਾ।
ਪੜ੍ਹਦੀ ਬਾਣੀ ਦਿਨ ਤੇ ਰਾਤਾਂ। ਸਦ ਹੀ ਸੁਣਦੀ ਗੁਰ ਕੀਆਂ ਬਾਤਾਂ।
ਐਸੀ ਮਾਂ ਜੇ ਹੋਵੇ ਬੱਚਿਆਂ। ਜਾਣ ਨਾ ਦੇਂਦੀ ਕੋਲ ਉਹ ਕੱਚਿਆਂ।
ਮਾਰਗ ਦੱਸਦੀ ਗੁਰਮਤਿ ਵਾਲਾ। ਬਾਣੀ ਸਿਖਾਵੇ ਕਰੇ ਉਜਾਲਾ।
ਲੋਰੀਆਂ ਗੁਰਬਾਣੀ ਦੀਆਂ ਗਾਉਂਦੀ। ਬਾਣੀ ਪੜ੍ਹ ਪੜ੍ਹ ਬੱਚੇ ਸੁਲਾਉਂਦੀ।
ਜਦ ਵੀ ਮਾਂ ਗੁਰਦਵਾਰੇ ਜਾਵੇ। ਮੱਥਾ ਟੇਕਣਾ ਪੁੱਤਾਂ ਸਿਖਾਵੇ।
ਐਸੀ ਮਾਂ ਗੁਰਦਵਾਰੇ ਜਾ ਕੇ। ਗੱਲੋਂ ਹੋੜੇ, ਬੱਚੇ ਸਮਝਾ ਕੇ।
ਮਨ ਇਕਾਗਰ ਕਰਕੇ ਬਹਿੰਦੀ। ਕਥਾ-ਕੀਰਤਨ ਸੁਣਦੀ ਰਹਿੰਦੀ।
ਕਹਿੰਦੀ,"ਬੱਚਿਓ ਮੰਨੋ ਕਹਿਣਾ। ਦੂਜੀ ਵਾਰ ਪ੍ਰਸ਼ਾਦ ਨਹੀਂ ਲੈਣਾ।
ਸਤਿਨਾਮ ਸ੍ਰੀ ਵਾਹਿਗੁਰੂ ਕਹਿਣਾ। ਚੁੱਪ ਚਾਪ ਸੰਗਤ ਵਿੱਚ ਬਹਿਣਾ।
ਫਾਲਤੂ ਚੀਜ਼ਾਂ, ਜਿਵੇਂ ਖਿਡਾਉਣੇ। ਵਿੱਚ ਗੁਰਦੁਆਰੇ ਨਹੀਂ ਲਿਆਉਣੇ।
ਵਿੱਚ ਅਰਦਾਸ ਦੇ ਖੜ੍ਹਨ ਸਿਖਾਵੇ। ਜੋੜੇ ਹੱਥ ਤੇ ਸੀਸ ਝੁਕਾਵੇ।
ਬੱਚੇ ਨੂੰ ਜੇ ਰੋਣਾ ਆਵੇ। ਸੰਗਤ ਵਿੱਚੋਂ ਬਾਹਰ ਲਿਜਾਵੇ।
ਗੁਰਮਤਿ ਦੀਆਂ ਗੱਲਾਂ ਸਮਝਾਉਂਦੀ। ਫਤਹਿ ਬੁਲਾਉਂਣ ਦੀ ਆਦਤ ਪਾਉਂਦੀ।
ਪੂਰਨ ਗੁਰਸਿੱਖ ਬਣੇ ਬਣਾਵੇ। ਸਿੱਖੀ ਦਾ ਬੂਟਾ 'ਮਹਿਕਾਵੇ'।

ਅਰਦਾਸ

ਪਹਿਲਾਂ ਸਿਮਰੋ ਰੱਬੀ ਸ਼ਕਤੀ। ਯਾਦ ਕਰੋ ਗੁਰੂਆਂ ਦੀ ਭਗਤੀ।

ਪੰਜ ਪਿਆਰੇ, ਗੁਰੂ ਸੰਵਾਰੇ। ਚਹੁੰ ਸਾਹਿਬਜਾਦੇ, ਗੁਰੂ ਦੁਲਾਰੇ।

ਚਾਲੀ ਮੁਕਤੇ, ਹੋਰ ਬਹਾਦਰ। ਸਾਰੇ ਸਿੱਖ ਧਰਮ ਦੀ ਚਾਦਰ।

ਪੰਜੇ ਤਖਤ, ਸੱਭੇ ਗੁਰਦੁਆਰੇ। ਵਾਹਿਗੁਰੂ ਕਹੋ, ਯਾਦ ਕਰ ਸਾਰੇ।

ਸਦਾ ਹੀ ਹੋਵੇ ਪੰਥ ਕੀ ਜੀਤ। ਗੁਰਸਿੱਖ-ਗੁਰੂ ਦੀ ਵਧੇ ਪ੍ਰੀਤ।

ਮਨ ਨੀਵਾਂ, ਮੱਤ ਹੋਵੇ ਉੱਚੀ। ਬਣੇ ਜ਼ਿੰਦਗੀ ਸੱਚੀ-ਸੁੱਚੀ।

ਵਿੱਛੜੇ ਸਾਥੋਂ ਜੋ ਗੁਰਧਾਮ। ਦਰਸ਼ਨ ਪਰਸਣ ਸਿੰਘ ਤਮਾਮ।

ਅਕਾਲ ਪੁਰਖ ਸਭ ਤੇਰੀ ਓਟ। ਦੂਰ ਕਰੀਂ ਸਾਡੀ ਸਭ ਖੋਟ।

ਜਪਦੇ ਰਹੀਏ ਤੇਰਾ ਨਾਮ। ਸਿੰਘ ਸਜਣ ਸਭ ਪਿੰਡ-ਗਰਾਮ।

ਮੇਲੀਂ ਦਾਤਾ ਪਿਆਰੇ ਸੋਈ। ਨਾਮ ਦੀ ਵੰਡਣ ਜੋ ਖੁਸ਼ਬੋਈ।

ਪੰਥ ਦੀ ਹੋਵੇ ਚੜ੍ਹਦੀ ਕਲਾ। ਖਾਲਸਾ ਮੰਗੇ ਸਭ ਦਾ ਭਲਾ।